ਵੱਲੋ,

ਡਾਇਰੈਕਟਰ,
ਪੰਜਾਬ ਪੁਲਿਸ ਅਕਾਦਮੀ,
ਫਿਲੌਰ।

ਵੱਲ,

ਸਾਰੇ ਪੁਲਿਸ ਮੁੱਖੀ ਪੰਜਾਬ,
(All Heads of Police in Punjab)

ਨੰਬਰ /ਏ-6 ਮਿਤੀ:-

ਵਿਸ਼ਾ ਨਵੇ ਪਰਮੋਸ਼ਨਲ ਕੋਰਸਾਂ ਸਬੰਧੀ ਹਦਾਇਤਾਂ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਦੀ ਜ਼ਿਲਾ/ਯੂਨਿਟਾਂ ਵਿੱਚੋਂ ਬੇਸਿਕ ਅਤੇ ਪਰਮੋਸ਼ਨਲ ਕੋਰਸਾਂ ਲਈ ਆਉਣ ਵਾਲੇ ਸਿਖਿਆਰਥੀਆਂ ਨੂੰ ਅਕਾਦਮੀ ਵੱਲੋਂ ਹੇਠ ਲਿਖੇ ਅਨੁਸਾਰ ਸੁਵਿਧਾਵਾਂ ਦਿੱਤੀਆਂ ਜਾਣਗੀਆਂ:-

1) ਬੱਸ ਸਟੈਂਡ ਫਿਲੌਰ ਪਰ ਅਕਾਦਮੀ ਵੱਲੋਂ ਸਵੇਰੇ 9.00 ਵਜੇ ਤੋਂ ਸ਼ਾਮ 7.00 ਵਜੇ ਤੱਕ ਬੱਸ ਖੜ੍ਹੀ ਹੋਵੇਗੀ ਜੋ ਸਿਖਿਆਰਥੀਆਂ ਨੂੰ ਅਕਾਦਮੀ ਤੱਕ ਲੈ ਕੇ ਆਵੇਗੀ। ਜਿੰਨ੍ਹਾਂ ਦਾ ਨੰਬਰ PB-08 CS 6094 & PB- 08 CS 6097 ਹਨ।

2) ਅਕਾਦਮੀ ਦੇ ਅੰਦਰ ਪ੍ਰਹੁੰਚਣ ਪਰ ਹਰੇਕ ਕੋਰਸ ਵਾਈਜ਼ ਟੇਬਲ ਲੱਗੇ ਹੋਣਗੇ। ਜਿੰਨ੍ਹਾਂ ਤੇ ਸਿਖਿਆਰਥੀਆਂ ਨੂੰ ਉਹਨ੍ਹਾਂ ਦੇ ਰਹਿਣ ਸਬੰਧੀ ਹੋਸਟਲ, ਖਾਣੇ ਸਬੰਧੀ ਮੈਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

3) ਪੀ.ਪੀ.ਏ. ਅਕਾਦਮੀ ਦੀ ਡਰਾਈ ਕੰਟੀਨ ਪਰ ਟਰੇਨਿੰਗ ਸਬੰਧੀ ਹਰੇਕ ਸਮਾਨ ਉਪਲੱਬਧ ਹੈ ਜਿਵੇ ਕਿ ਸਫੈਦ ਸਪੋਰਟਸ ਬੂਟ, ਸਫੈਦ ਟੀ-ਸ਼ਰਟ, ਲੋਗ ਪੀ..ਟੀ. ਜੁਰਾਬ, ਪੀ.ਟੀ. ਬੈਲਟ, ਖਾਕੀ ਨਿੱਕਰ, ਖਾਕੀ ਵਰਦੀ ਆਦਿ। ਪਰ ਜੇਕਰ ਕੋਈ ਸਿਖਿਆਰਥੀ ਆਪਣੇ ਤੋਰ ਪਰ ਇਹ ਸਮਾਨ ਬਾਹਰੋਂ ਖਰੀਦ ਕਰਨਾ ਚਾਹੁੰਦਾ ਹੈ ਤਾਂ ਉਹ ਪੈਟਰਨ ਮੁਤਾਬਕ ਖਰੀਦ ਕਰਕੇ ਲਿਆ ਸਕਦਾ ਹੈ।

4) ਸਿਖਿਆਰਥੀਆਂ ਨੂੰ ਪਰਮੋਸ਼ਨਲ ਕੋਰਸ ਸ਼ੁਰੂ ਹੋਣ ਦੀ ਮਿਤੀ ਤੋਂ ਇੱਕ ਦਿਨ ਪਹਿਲਾਂ ਪੀ.ਪੀ.ਏ. ਫਿਲੌਰ ਭੇਜਿਆ ਜਾਵੇ।

5) ਕੋਰਸ ਪਰ ਆਉਣ ਵਾਲਾ ਸਿਖਿਆਰਥੀ ਜੇਕਰ ਕਿਸੇ ਬਿਮਾਰੀ ਤੋਂ ਪੀੜਤ ਹੈ ਤਾਂ ਉਸ ਬਾਰੇ ਪਹਿਲਾਂ ਦੱਸਿਆ ਜਾਵੇ ਅਤੇ ਬਿਮਾਰੀ ਸਬੰਧੀ ਚੱਲ ਰਹੇ ਇਲਾਜ ਬਾਰੇ ਡਾਕਟਰ ਵੱਲੋਂ ਦਿੱਤੀਆਂ ਹਦਾਇਤਾਂ ਦੀ ਕਾਪੀ ਸਮੇਤ ਆਪਣੀ ਦਵਾਈ ਇੱਕ ਮਹੀਨੇ ਦੀ ਨਾਲ ਲੈ ਕੇ ਆਉਣਗੇ।

6) ਪੀ.ਪੀ.ਏ. ਦੇ ਕੋਰਸ ਸਬੰਧੀ ਟਾਈਮ ਟੇਬਲ ਇਸ ਪ੍ਰਕਾਰ ਹੈ:-

- ਪੀ.ਟੀ. ਸਵੇਰੇ 6.00 ਤੋਂ 6.40 ਤੱਕ
- ਪਰੇਡ ਸਵੇਰੇ ਪਹਿਲਾ ਪੀਰੀਅਡ 7.10 ਤੋਂ 7.45 ਤੱਕ
- ਪਰੇਡ ਸਵੇਰੇ ਦੂਸਰਾ ਪੀਰੀਅਡ 7.50 ਤੋਂ 8.25 ਤੱਕ
- ਸਵੇਰ ਦੀ ਮੈਸ 8.30 ਤੋਂ 10.30 ਤੱਕ

- ਇੰਨਡੋਰ ਲਾਅ ਕਲਾਸ ਸਵੇਰੇ 10.30 ਵਜੇ ਤੋਂ 2.30 ਤੱਕ ਅਤੇ ਇਸਦੀ ਡਰੈਸ ਕਾਲੀ ਪੈਂਟ ਫੋਰਮਲ ਅਤੇ ਚਿੱਟੀ ਸ਼ਰਟ ਫੂਲ ਬਾਜੂ, ਫੋਰਮਲ ਬੂਟ ਕਾਲੇ ਰੰਗ ਤੇ, ਔੱਪਰ ਸਕੂਲ ਵਾਸਤੇ ਲਾਲ ਰੰਗ ਦੇ ਫੋਰਮਲ ਬੂਟ।
- ਅਸਲਾ ਸਿਖਲਾਈ ਸ਼ਾਮ 4.00 ਤੋਂ 4.50 ਤੱਕ
- ਸ਼ਾਮ ਦਾ ਪ੍ਰੋਗਰਾਮ (ਰਾਈਡਿੰਗ, ਡਰਾਈਵਿੰਗ, ਸਵੀਮਿੰਗ, ਗੇਮਾਂ ਅਤੇ ਸ਼ਰਮਦਾਨ) 5.00 ਤੋਂ 5.50 ਤੱਕ
- ਸ਼ਾਮ ਦੀ ਗਿਣਤੀ 6.00 ਵਜੇ
- ਰਾਤ ਦਾ ਖਾਣਾ 6.00 ਵਜੇ ਤੋਂ 8.00 ਵਜੇ ਤੱਕ

<u>ਨੋਟ</u> ਕੋਈ ਵੀ ਸਿਖਿਆਰਥੀ ਕਿਲੇ ਦੀ ਹਦੂਦ ਅੰਦਰ ਕਿਸੇ ਵੀ ਤਰ੍ਹਾਂ ਦਾ ਨਸ਼ੀਲਾ ਪਦਾਰਥ ਨਾ ਤੇ ਨਾਲ ਲੈ ਕੇ ਆਵੇਗਾ ਅਤੇ ਨਾ ਹੀ ਸੇਵਨ ਕਰੇਗਾ। ਇਸਤੋਂ ਇਲਾਵਾ ਕਿਲੇ ਦੀ ਹਦੂਦ ਅੰਦਰ ਅਪਣੇ ਕਮਰੇ ਤੋਂ ਬਾਹਰ ਨਿਕਲਣ ਲੱਗਿਆ ਪਰੋਪਰ ਡਰੈਸ ਪਾ ਕੇ ਨਿਕਲੇਗਾ। ਰਾਤ ਦੇ ਖਾਣੇ ਸਮੇ ਮੈਸ ਵਿੱਚ ਵੀ ਪਰੋਪਰ ਡਰੈਸ ਵਿੱਚ ਆਵੇਗਾ।

ਕਮਾਂਡੈਂਟ-ਕਮ-ਡਿਪਟੀ ਡਾਇਰੈਕਟਰ (ਬਾਹਰੀ),
ਪੰਜਾਬ ਪੁਲਿਸ ਅਕਾਦਮੀ,
ਫਿਲੌਰ।

ਨੰਬਰ 38106-17 /ਏ-6 ਮਿਤੀ:- 11-10-12

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜ਼ਰੂਰੀ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.-ਟੂ ਡਾਇਰੈਕਟਰ, ਪੰਜਾਬ ਪੁਲਿਸ ਅਕਾਦਮੀ, ਫਿਲੌਰ ਸੂਚਨਾ ਹਿੱਤ।
2. ਪੀ.ਏ.-ਟੂ ਡੀ.ਆਈ.ਜੀ. ਪੰਜਾਬ ਪੁਲਿਸ ਅਕਾਦਮੀ, ਫਿਲੌਰ ਸੂਚਨਾ ਹਿੱਤ।
3. ਡੀ.ਐਸ.ਪੀਜ਼ ਆਊਟਡੋਰ, ਲਾਈਨਜ਼, ਐਡਜੂਟੈਂਟ ਅਤੇ ਇੰਨਡੋਰ ਟਰੇਨਿੰਗ ਵਿੰਗ ਲੋੜੀਦੀ ਕਾਰਵਾਈ ਕਰਨ ਹਿੱਤ।
4. ਸੀ.ਡੀ.ਐਮ./ਆਰ.ਆਈ./ਲਾਈਨਜ਼ ਅਫਸਰ, ਐਮ.ਟੀ.ਓ. ਲੋੜੀਦੀ ਕਾਰਵਾਈ ਕਰਨ ਹਿੱਤ।
5. ਓ.ਐਸ.ਆਈ. ਆਊਟਡੋਰ, ਅਤੇ ਲਾਈਨਜ਼ ਲੋੜੀਦੀ ਕਾਰਵਾਈ ਅਤੇ ਪਾਲਣਾ ਕਰਨ ਹਿੱਤ।

Sd/- 11/10/12

ਕਮਾਂਡੈਂਟ-ਕਮ-ਡਿਪਟੀ ਡਾਇਰੈਕਟਰ (ਬਾਹਰੀ),
ਪੰਜਾਬ ਪੁਲਿਸ ਅਕਾਦਮੀ,
ਫਿਲੌਰ।